THE PUNJAB STATE BOARD OF TECHNICAL EDUCATION AND INDUSTRIAL TRAINING

PLOT NO. 1-A, SEC. 36-A, CHANDIGARH PH. : 615385, 622584-85 FAX : 660734

No. PSBTE&IT/DA/2022/ 2544 Dated: 31/08/22

## Circular

ਬੋਰਡ ਦਫਤਰ ਨਾਲ ਐਫੀਲੀਏਟਿਡ ਸਮੂਹ ਬਹੁਤਕਨੀਕੀ ਅਤੇ ਫਾਰਮੇਸੀ ਸੰਸਥਾਵਾਂ (ਸਰਕਾਰੀ ਅਤੇ ਗੈਰ ਸਰਕਾਰੀ) ਦੇ ਮੁੱਖੀਆਂ ਨੂੰ ਹੇਠ ਦਰਸਾਏ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ :-

1. ਬੋਰਡ ਦਫਤਰ ਨਾਲ ਐਫੀਲੀਏਟਿਡ ਸਾਰੀਆਂ ਬਹੁਤਕਨੀਕੀ ਅਤੇ ਫਾਰਮੇਸੀ ਸੰਸਥਾਵਾਂ(ਸਰਕਾਰੀ ਅਤੇ ਗੈਰ ਸਰਕਾਰੀ) ਦੇ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸੰਸਥਾਵਾਂ ਵੱਲੋਂ ਦਾਖਲਿਆਂ ਸਮੇਂ ਦਾਖਲਾ ਲੈ ਰਹੇ ਵਿਦਿਆਰਥੀਆਂ ਦੇ ਲੋੜੀਂਦੇ ਦਸਤਾਵੇਜਾਂ ਜਿਵੇਂ: Certificate of Qualifying Examination ($10^{th}$ / 10+2), Category Certificate, Residence/ Domicile Certificate, Income Certificate (wherever applicable), etc. ਦੀ ਚੰਗੀ ਤਰ੍ਹਾਂ ਜਾਂਚ ਅਤੇ ਸਰਟੀਫਿਕੇਟ ਦੀ Genuineness ਚੈਕ ਕਰਨ ਉਪਰੰਤ ਹੀ ਦਾਖਲਾ ਕੰਫਰਮ ਕੀਤਾ ਜਾਵੇ। ਸਰਟੀਫਿਕੇਟ ਚੈਕਿੰਗ ਦੀ ਨਿਰੋਲ ਅਤੇ ਨਿੱਜੀ ਜਿੰਮੇਵਾਰੀ ਸਬੰਧਤ ਸੰਸਥਾ ਦੀ ਮੈਨੇਜਮੈਂਟ/ਪ੍ਰਿੰਸੀਪਲ ਦੀ ਹੋਵੇਗੀ। ਇਸ ਸਬੰਧੀ ਬੋਰਡ ਦਫਤਰ ਵੱਲੋਂ ਵੱਖਰੇ ਤੌਰ ਤੇ ਸੰਸਥਾਵਾਂ ਨੂੰ ਪੱਤਰ ਨੰ.PSBTE&IT/DA/2353 Dated: 16-08-2022 ਰਾਹੀਂ ਵੀ ਸਰਕੂਲਰ ਜਾਰੀ ਕੀਤਾ ਗਿਆ ਹੈ।
2. ਇਹ ਵੀ ਧਿਆਨ ਵਿੱਚ ਆਇਆ ਹੈ ਕਿ ਕੁਝ ਸੰਸਥਾਵਾਂ ਵਿੱਚ ਕਈ ਵਿਦਿਆਰਥੀਆਂ ਵਲੋਂ ਰੈਗੂਲਰ ਕਲਾਸਾਂ ਨਹੀ ਲਗਾਈਆਂ ਜਾ ਰਹੀਆਂ ਹਨ। ਇਸ ਸਬੰਧੀ ਸਾਰੀਆਂ ਬਹੁਤਕਨੀਕੀ ਅਤੇ ਫਾਰਮੇਸੀ ਸੰਸਥਾਵਾਂ(ਸਰਕਾਰੀ ਅਤੇ ਗੈਰ ਸਰਕਾਰੀ) ਦੇ ਮੁੱਖੀਆਂ ਵਲੋਂ ਵਿਦਿਆਰਥੀਆਂ ਨੂੰ ਰੈਗੂਲਰ ਕਲਾਸਾਂ ਲਗਾਉਣਾ ਯਕੀਨੀ ਬਣਾਉਣ ਸਬੰਧੀ ਆਪ ਵਲੋਂ ਜਰੂਰੀ ਹਦਾਇਤਾਂ ਜਾਰੀ ਕੀਤੀਆਂ ਜਾਣ।
3. ਇਸ ਦੇ ਸਬੰਧ ਵਿੱਚ ਬੋਰਡ ਦਫਤਰ ਵੱਲੋਂ ਸੰਸਥਾਵਾਂ ਦੀ Monthly ਸਰਪਰਾਇਜ ਚੈਕਿੰਗ ਕਰਵਾਈ ਜਾਵੇਗੀ। ਸਰਪਰਾਇਜ ਚੈਕਿੰਗ ਦੌਰਾਨ ਹਦਾਇਤਾਂ ਦੀ ਪਾਲਣਾ ਨਾ ਕਰਨ ਦੀ ਸੂਰਤ ਵਿੱਚ ਬੋਰਡ ਦਫਤਰ ਵੱਲੋਂ ਸਬੰਧਤ ਸੰਸਥਾ ਉੱਤੇ Dis-Affiliation/ Penal Action/ Criminal ਕਾਰਵਾਈ ਆਰੰਭੀ ਜਾ ਸਕਦੀ ਹੈ।

ਉਪਰੋਕਤ ਅਨੁਸਾਰ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।

ਇਹ ਸਮਰੱਥ ਅਧਿਕਾਰੀ ਜੀ ਦੀ ਪ੍ਰਵਾਨਗੀ ਅਨੁਸਾਰ ਜਾਰੀ ਕੀਤਾ ਜਾਂਦਾ ਹੈ।

Director Academics
For Secretary, PSBTE&IT
Sector 36, Chandigarh